# ਜਨ ਕੇ ਚਰਨ ਤੀਰਥ ਕੋਟਿ ਗੰਗਾ

**ਬਿਲਾਵਲੁ ਮਹਲਾ ੫ ।।**
**ਐਸੀ ਦੀਖਿਆ ਜਨ ਸਿਉ ਮੰਗਾ॥ ਤੁਮ੍ਰੋ ਧਿਆਨੁ ਤੁਮ੍ਰਾਰੋ ਰੰਗਾ॥**
**ਤੁਮ੍ਰੀ ਸੇਵਾ ਤੁਮ੍ਰਾਰੇ ਅੰਗਾ॥੧।।ਰਹਾਉ॥**

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਬਿਲਾਵਲ ਰਾਗ ਵਿਚ ਉਚਾਰਣ ਕੀਤਾ ਹੈ ਅਤੇ ਪੰਨਾ ੮੨੮ ਤੇ ਸੁਭਾਇਮਾਨ ਹੈ।

- - ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਮੈਂ ਵਾਹਗੁਰੂ ਦੇ **ਜਨ** (ਸਰੀਰ ਰੂਪੀ ਭਗਤ/ਗੁਰੂ, ਜਿਸ ਦਾ ਚੋਲਾ, ਸਰੀਰ, ਨਾਮ ਰੰਗ ਵਿਚ ਰਤੜਾ, ਰੰਗਿਆ ਹੋਇਆ ਹੈ) ਤੋਂ ਦੀਖਿਆ ਵਿਚ ਇਹ ਮੰਗਦਾ ਹਾਂ ਕਿ ਮੇਰੇ ਧਿਆਨ ਵਿਚ ਹਮੇਸ਼ਾਂ, ਹੇ ਗੁਰੂ/ਪ੍ਰਭੂ ! ਤੇਰੇ ਹੀ ਨਾਮ ਦਾ ਰੰਗ ਬਣਿਆ ਰਹੇ। ਮੈਨੂੰ ਹਮੇਸ਼ਾਂ ਤੇਰਾ ਹੀ ਧਿਆਨ ਰਹੇ।

ਚੇਤੇ ਰਹੇ, ਗੁਰ ਫ਼ੁਰਮਾਣ ਹੈ ਕਿ ਜਿਸ ਦਾ ਸਰੀਰ ਰੂਪੀ ਚੋਲਾ ਰਤੜਾ, ਪ੍ਰੇਮ ਵਿਚ ਭਿਜਾ ਹੋਇਆ ਹੈ, ਕੰਤ-ਪ੍ਰਭੂ ਉਸ ਦੇ ਕੋਲ ਹੀ ਹੈ, ਇਸ ਲਈ ਉਸ ਤੋਂ ਹੀ ਪ੍ਰਾਪਤ ਹੋਏਗਾ। ਇਹ ਸਮਝ ਲੈਣ ਦੀ ਲੋੜ ਹੈ ਕਿ ਧਿਆਨ ਨੂੰ ਹਮੇਸ਼ਾਂ ਲਈ ਗੁਰੂ/ਪ੍ਰਭੂ ਚਰਨਾਂ ਵਿਚ ਲਗਾਏ ਰਖਣ ਲਈ, ਧਿਆਨ ਇਕਾਗਰਤਾ ਦੀ ਸਾਧਨਾ, ਅਭਿਆਸ ਦੀ ਲੋੜ ਹੈ, ਜਿਸ ਨੂੰ ਸਿਮਰਣ ਕਿਹਾ ਜਾਂਦਾ ਹੈ। ਇਸ ਕੰਮ ਲਈ, ਪ੍ਰਭੂ ਦੇ 'ਜਨ' ਦੀ ਲੋੜ ਹੁੰਦੀ ਹੈ, ਉਹ 'ਜਨ' ਜਿਸ ਦਾ ਆਪਣਾ ਧਿਆਨ ਪ੍ਰਭੂ ਵਿਚ ਸਦਾ ਲਈ ਕੇਂਦ੍ਰਿਤ ਹੋ ਚੁਕਿਆ ਹੈ, ਕਿਉਂਕਿ ਅਜਿਹੇ ਜਨ, ਜਿਨ੍ਹਾਂ ਦੇ ਮਨ ਅਤੇ ਤਨ ਪ੍ਰਭੂ ਦੇ ਨਾਮ ਦੇ ਲਾਲ ਰੰਗ ਵਿਚ ਰੰਗੇ ਜਾ ਚੁਕੇ ਹਨ, ਕੰਤ ਪ੍ਰਭੂ ਉਨ੍ਹਾਂ ਕੋਲ ਹੀ ਵਸਦਾ ਹੈ ਅਤੇ ਉਨ੍ਹਾਂ ਜਨਾਂ ਦੇ ਚਰਣਾਂ ਦੀ ਧੂੜ ਨਾਲ ਹੀ ਇਹ ਕਾਰਜ ਸੰਭਵ ਹੈ - '**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥** ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥', ਪੰਨਾ ੭੨੨. ਇਥੇ 'ਚੋਲੇ' ਦਾ ਅਰਥ 'ਮਨੁਖਾ ਸਰੀਰ' ਹੈ। ਜਨ, ਸਰੀਰ ਵਿਚ ਹੀ ਹੁੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਸਰੀਰ ਵਿਚ ਆਏ ਤਾਂ ਹੀ 'ਜਨ', '**ਗੁਰੂ**' ਕਹਾਏ। ਪਾਤਸ਼ਾਹ ਦਾ ਫ਼ੁਰਮਾਣ ਹੈ - 'ਕੋਈ **ਜਨੁ** ਹਰਿ ਸਿਉ ਦੇਵੈ ਜੋਰਿ॥' ਸਰੀਰ ਰੂਪ ਵਿਚ ਹੀ ਨਾਮ ਦੀ ਦੀਖਿਆ ਦਿਤੀ ਜਾ ਸਕਦੀ ਹੈ, ਜਿਸ ਦੀਖਿਆ ਦੀ ਇਨ੍ਹਾਂ ਪੰਕਤੀਆਂ ਵਿਚ ਮੰਗ ਕੀਤੀ ਗਈ ਹੈ। ਦਸਵੇਂ ਪਾਤਸ਼ਾਹ ਨੇ ਗੁਰਦੀਖਿਆ ਦਾ ਕੰਮ **ਪੰਜ ਪਿਆਰਿਆਂ** ਨੂੰ ਸੌਂਪਿਆ ਜੋ ਸਰੀਰ ਰੂਪ ਵਿਚ ਹੀ ਹੁੰਦੇ ਹਨ। ਸਬਦ ਰੂਪੀ ਨਾਮ ਦਾ, ਇਕ ਸਰੀਰ ਤੋਂ ਦੂਜੇ ਸਰੀਰ ਵਿਚ ਤਬਾਦਲਾ ਹੋ ਸਕਦਾ ਹੈ। ਸਬਦ ਦਾ ਤਬਾਦਲਾ ਜਾਂ ਅਰੋਪਣ, ਬਿਨਾਂ ਸਰੀਰ ਤੋਂ ਸੰਭਵ ਨਹੀਂ। ਤਾਂ ਹੀ ਗੁਰਜੋਤਿ, '**ਗੁਰੂ ਨਾਨਕ**' ਨੂੰ ਦੁਨੀਆਂ ਵਿਚ, ਸਰੀਰ ਧਾਰ ਕੇ ਵਾਰ ਵਾਰ ਆਉਣ ਦੀ ਲੋੜ ਹੁੰਦੀ ਹੈ ਅਤੇ ਉਹ ਆਉਂਦੇ ਹਨ, ਜਿਵੇਂ '**ਸਵਈਏ ਮਹਲੇ ਪਹਿਲੇ ਕੇ ੧**' ਬਾਣੀ ਵਿਚ ਅਤੇ ਭਾਈ ਗੁਰਦਾਸ ਜੀ ਨੇ ਵੀ, ਦਸਿਆ ਹੈ - 'ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥', ਵਾਰ ੧:੧੦. ਇਸ ਕੰਮ ਲਈ **ਗੁਰੂ ਨਾਨਕ ਨੇ ੧੪੬੯ ਤੋਂ ੧੭੦੮ ਤਕ ਅਨੇਕਾਂ 'ਜਨ' ਪੈਦਾ ਕਰ ਦਿਤੇ, ਥਾਪ ਦਿਤੇ, ਜਿਵੇਂ ਮੰਜੀਆਂ, ਪੀੜੀਆਂ, ਮਸੰਦ ਅਤੇ ਫ਼ਿਰ, ਪੰਜ ਪਿਆਰੇ। ਹੋਰ ਅਨੇਕਾਂ, ਜੋ ਅਜ ਵੀ ਕਿਸੇ ਨਾ ਕਿਸੇ ਸਰੂਪ ਵਿਚ ਮੌਜੂਦ ਹਨ।** ਦਸਵੇਂ ਪਾਤਸ਼ਾਹ ਨੇ ਬੜੇ ਸਪਸ਼ਟ ਸ਼ਬਦਾਂ ਵਿਚ ਇਹ ਤੱਥ ਸਪੱਸ਼ਟ ਕੀਤਾ ਹੈ ਕਿ ਜਗੇ ਹੋਏ ਦੀਵੇ ਨਾਲ ਹੀ ਦੂਜਾ ਦੀਵਾ ਜਗਦਾ ਹੈ। '**ਜਨ**', ਜਗਿਆ ਹੋਇਆ ਦੀਵਾ ਹੁੰਦਾ ਹੈ। ਜਗੇ ਹੋਏ ਦੀਵੇ, '**ਗੁਰੂ ਨਾਨਕ**' ਨੇ

ਦੂਜਾ ਦੀਵਾ '**ਗੁਰੂ ਅੰਗਦ**' ਜਗਾਇਆ ਅਤੇ ਦੂਜੇ ਜਗੇ ਹੋਏ ਦੀਵੇ ਨੇ ਅਗੋਂ '**ਗੁਰੂ ਅਮਰਦਾਸ**' ਨਾਂ ਦਾ ਦੀਵਾ ਜਗਾਇਆ - 'ਨਾਨਕ ਅੰਗਦ ਕੋ ਬਪੁ ਧਰਾ॥ ਧਰਮ ਪ੍ਰਚੁਰਿ ਇਹ ਜਗ ਮੋ ਕਰਾ॥ ਅਮਰਦਾਸ ਪੁਨਿ ਨਾਮ ਕਹਾਯੋ॥ **ਜਨੁ ਦੀਪਕ ਤੇ ਦੀਪ ਜਗਾਯੋ॥**', ਬਚਿਤ੍ਰ ਨਾਟਕ। **ਦੀਵੇ ਦੀ ਲੌਅ 'ਸਬਦ' ਹੈ ਪਰ ਲੌਅ ਦੀ ਹਸਤੀ, ਦੀਵੇ ਦੇ ਸਰੀਰ ਬਿਨਾਂ ਉਜਾਗਰ ਨਹੀਂ ਹੁੰਦੀ।** ਇਸ ਲਈ ਸਰੀਰ ਬਿਨਾਂ ਗੁਰੂ ਨਾਨਕ ਵੀ '**ਗੁਰੂ ਨਾਨਕ**' ਨਹੀਂ। ਜੇ ਗੁਰੂ ਨਾਨਕ ੧੪੬੯ ਵਿਚ ਮਾਤਾ ਤ੍ਰਿਪਤਾ ਦੀ ਕੁਖੋਂ ਜਨਮ ਲੈ ਕੇ ਅਵਤਰਿਤ ਨਾ ਹੁੰਦੇ ਤਾਂ ਸਾਨੂੰ ਸਬਦ ਬਾਰੇ ਕੁਝ ਪਤਾ ਨਹੀਂ ਸੀ ਹੋਣਾ। ਉਨ੍ਹਾਂ ਦੇ ਸਰੀਰ ਦੀ ਮਿਆਦ ਉਨ੍ਹਾਂ ਨੇ ਆਪ ੧੫੩੯ ਤਕ ਮਿਥੀ ਸੀ ਤਾਂ ਗੁਰੂ ਨਾਨਕ ਨੇ ਦੂਜੇ ਸਰੀਰ ਵਿਚ ਸਬਦ ਦਾ ਅਰੋਪਣ ਕਰਕੇ ਆਪਣੇ ਆਪ ਨੂੰ '**ਗੁਰੂ ਅੰਗਦ**' ਦੇ ਰੂਪ ਵਿਚ ਖੜਾ ਕਰ ਲਿਆ ਕਿਉਂਕਿ ਸਬਦ ਉਜਾਗਰ ਕਰਣ ਲਈ ਸਰੀਰ ਦਾ ਹੋਣਾ ਲਾਜ਼ਮੀ ਹੈ। ਇਹ ਸਿਲਸਿਲਾ **ਪੰਜ ਪਿਆਰੇ** ਥਾਪਣ ਤਕ ਚਲਿਆ।

ਵੀਚਾਰਣ ਵਾਲੀ ਗਲ ਹੈ ਕਿ ਜਦੋਂ ਭਾਈ ਲਹਿਣਾ ਜੀ ਨੇ ਸਰੀਰ ਰੂਪੀ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਗੁਰੂ ਧਾਰਣ ਕੀਤਾ, ਉਸ ਵਕਤ ਤਕ ਗੁਰੂ ਨਾਨਕ ਬਾਣੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ, ਉਸ ਦਾ ਬੈਖਰੀ ਰੂਪ ਪੋਥੀ ਸਾਹਿਬ ਦੇ ਰੂਪ ਵਿਚ ਪ੍ਰਕਾਸ਼ ਹੋ ਚੁਕਿਆ ਸੀ। ਵਿਦਵਾਨ ਇਸ ਤੱਥ ਨੂੰ ਸਵੀਕਾਰ ਕਰਦੇ ਹਨ ਕਿ ਗੁਰੂ ਨਾਨਕ ਬਾਣੀ (ਸਬਦ) ਵਿਚ ਗੁਰਮਤਿ ਦੇ ਸਾਰੇ ਸਿਧਾਂਤ ਮੌਜੂਦ ਹਨ। ਸ੍ਰੀ ਗੁਰੂ ਨਾਨਕ ਸਾਹਿਬ ਇਹ ਵੀ ਐਲਾਨ, declare ਕਰ ਚੁਕੇ ਸਨ - 'ਸਬਦੁ ਗੁਰੂ ਸੁਰਤਿ ਧੁਨਿ ਚੇਲਾ॥', ਪੰਨਾ ੯੪੩. ਫ਼ਿਰ ਵੀ ਭਾਈ ਲਹਿਣਾ ਜੀ ਨੇ ਸਿਧਾ ਸਬਦ ਨੂੰ ਗੁਰੂ ਧਾਰਣ ਕਰਨ ਦੀ ਬਜਾਏ ਸਰੀਰ ਰੂਪੀ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਗੁਰੂ ਧਾਰਣ ਕੀਤਾ। ਇਸੇ ਤਰ੍ਹਾਂ 'ਬਾਬਾ ਅਮਰਦਾਸ ਜੀ' ਤਕ, ਗੁਰੂ ਅੰਗਦ ਬਾਣੀ ਵੀ ਪੋਥੀ ਸਾਹਿਬ ਵਿਚ ਸ਼ਾਮਲ ਹੋ ਚੁਕੀ ਸੀ, ਤਾਂ ਵੀ ਉਨ੍ਹਾਂ ਨੇ ਸਰੀਰ ਰੂਪੀ ਸ੍ਰੀ ਗੁਰੂ ਅੰਗਦ ਸਾਹਿਬ ਦੀ ਆਪਣੇ ਹਥੀਂ, ਰੱਜ ਕੇ ਸਰੀਰਕ ਸੇਵਾ ਕੀਤੀ ਅਤੇ ਉਨ੍ਹਾਂ ਨੂੰ ਆਪਣਾ ਗੁਰੂ ਮੰਨਿਆ। ਸ੍ਰੀ ਗੁਰੂ ਅੰਗਦ ਸਾਹਿਬ ਨੂੰ ਗੁਰੂ ਧਾਰਣ ਕਰਣ ਤੋਂ ਪਹਿਲਾਂ, ਇਕ ਪੰਡਤ ਉਨ੍ਹਾਂ ਨੂੰ ਨਿਗੁਰਾ ਕਹਿ ਚੁਕਿਆ ਸੀ। ਪੰਡਤ ਦੇ ਉਹ ਬੋਲ, ਬਾਬਾ ਅਮਰਦਾਸ ਜੀ ਨੂੰ ਤੀਰ ਵਾਂਙ ਚੁਭਦੇ ਰਹੇ ਸਨ।

ਇਸ ਸਚਾਈ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ਕਿ 'ਸਰੀਰ ਜਨ' ਤੋਂ ਬਿਨਾਂ 'ਸਬਦ' ਪ੍ਰਗਟ ਨਹੀਂ ਸੀ ਹੋ ਸਕਦਾ। 'ਜਨ' ਜਦੋਂ ਜਦੋਂ 'ਸਬਦ' ਪ੍ਰਗਟ ਕਰਦਾ ਹੈ, ਤਦੋਂ ਤਦੋਂ 'ਸਬਦ', 'ਗੁਰਮੰਤਰ', 'ਬੇਦ' ਅਤੇ 'ਤੀਰਥ' ਪ੍ਰਗਟ ਹੁੰਦੇ ਹਨ। ਭਗਤ ਕਬੀਰ ਜੀ ਨੇ, ਪੰਨਾ ੩੩੧ ਤੇ, ਇਸ ਦੁਨੀਆਂ ਤੇ ਬ੍ਰਾਹਮਣੀ ਸਮਾਜ ਦਾ ਪੈਦਾ ਕੀਤਾ ਇਹੀ ਝਗੜਾ ਪ੍ਰਸ਼ਨਾਤਮਕ ਵਿਧੀ ਨਾਲ ਸੁਲਝਾਇਆ ਹੈ - 'ਝਗਰਾ ਏਕੁ ਨਿਬੇਰਹੁ ਰਾਮ॥..ਬ੍ਰਹਮਾ ਬਡਾ ਕਿ ਜਾਸੁ ਉਪਾਇਆ॥ ਬੇਦੁ ਬਡਾ ਕਿ ਜਹਾਂ ਤੇ ਆਇਆ॥ ਕਹਿ ਕਬੀਰ ਹਉ ਭਇਆ ਉਦਾਸੁ॥ ਤੀਰਥੁ ਬਡਾ ਕਿ ਹਰਿ ਕਾ ਦਾਸੁ॥' ਇਸ ਸ਼ਬਦ ਵਿਚ ਉਨ੍ਹਾਂ ਨੇ: ੧.ਬ੍ਰਹਮਾ ਆਦਿਕ ਦੇਵਤਿਆਂ, ੨.ਬੇਦ ਆਦਿਕ ਧਰਮ ਗ੍ਰੰਥਾਂ, ੩.ਤੀਰਥਾਂ ਆਦਿ ਤੋਂ ਉਹ 'ਸਰੀਰ ਰੂਪੀ **ਹਰਿ ਕਾ ਦਾਸੁ**' ਵਡਾ ਦਸਿਆ ਹੈ ਜੋ 'ਬ੍ਰਹਮਾ',' ਬੇਦੁ', 'ਤੀਰਥੁ' ਆਦਿ ਦਾ **ਕਰਤਾ** ਹੈ। ਅਜ ਉਹੀ 'ਝਗਰਾ' ਫ਼ਿਰ ਖੜਾ ਹੈ, ਭਾਵੇਂ ਭਗਤ ਕਬੀਰ ਜੀ ਰਾਹੀਂ, ਗੁਰੂ ਗ੍ਰੰਥ ਸਾਹਿਬ ਵਿਚ ਉਹ ਸੁਲਝਾਇਆ ਵੀ ਪਿਆ ਹੈ। ਭਾਈ ਗੁਰਦਾਸ ਜੀ ਵੀ ਬੜੇ ਸਪੱਸ਼ਟ ਸ਼ਬਦਾਂ ਵਿਚ ਇਹ ਤੱਥ ਪੇਸ਼ ਕਰਦੇ ਹਨ - 'ਬੇਦ ਗਿਰੰਥ

ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ॥ **ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ॥**' ਸ਼ਬਦ ਰੂਪੀ ਧਰਮ ਗ੍ਰੰਥ, ਗੁਰੂ ਦੀ ਹੱਟੀ ਕਹੇ ਹਨ ਜਿਨ੍ਹਾਂ ਦਾ ਅਨੁਸਰਣ ਕਰ ਕੇ ਭਵਜਲ ਸੰਸਾਰ ਸਾਗਰ ਤਰਿਆ ਜਾ ਸਕਦਾ ਹੈ ਪਰੰਤੂ ਜਦੋਂ ਤਕ ਗੁਰੂ, ਸਰੀਰ ਧਾਰ ਕੇ ਨਹੀਂ ਆਉਂਦਾ ਤਦ ਤਕ ਧਰਮ ਗ੍ਰੰਥਾਂ ਦੇ ਵਿਚ ਪਏ ਰੱਬੀ ਭੇਦ ਨੂੰ ਕੋਈ ਨਹੀਂ ਬੁਝ ਸਕਦਾ।

-- ਗੁਰੂ ਮਹਾਰਾਜ ਨੇ 'ਜਨ' ਤੋਂ ਅਗਲੀ ਮੰਗ ਇਹ ਮੰਗੀ ਹੈ ਕਿ ਮੈਂ ਤੁਹਾਡੀ ਸੇਵਾ ਕਰਾਂ। ਨਾਲ ਹੀ ਇਹ ਵੀ ਸਪੱਸ਼ਟ ਕੀਤਾ ਹੈ ਕਿ ਮੈਂ ਤੁਹਾਡੇ ਅੰਗਾਂ ਦੀ ਸੇਵਾ ਕਰਾਂ।੧।ਰਹਾਉ।

ਭਾਵ, ਸਰੀਰਕ ਅੰਗਾਂ ਦੀ ਸੇਵਾ, ਜਿਵੇਂ ਮੁਠੀ ਚਾਪੀ ਕਰਨੀ, ਲਤਾਂ ਬਾਹਾਂ ਘੁਟਣੀਆਂ, ਚਰਨ ਧੋਣੇ, ਇਸ਼ਨਾਨ ਕਰਵਾਉਣਾ ਆਦਿ। ਅਗਲੇ ਪੈਰੇ ਵਿਚ ਭਾਈ ਗੁਰਦਾਸ ਜੀ ਵਲੋਂ 'ਜਨ', ਸਿਖ ਦੇ ਅੰਗਾਂ ਦੀ ਸੇਵਾ ਦਾ ਜ਼ਿਕਰ ਕੀਤਾ ਗਿਆ ਹੈ।

ਅੰਗ, ਸਰੀਰ ਦੇ ਹੀ ਹੁੰਦੇ ਹਨ। ਬਾਬਾ ਅਮਰਦਾਸ ਜੀ ਦੇ ਗੁਰਿਆਈ ਗਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਜਦੋਂ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਪਾਤਸ਼ਾਹ ਨੂੰ ਗੁਰੂ ਧਾਰਣ ਕੀਤਾ ਹੋਇਆ ਸੀ ਤਾਂ ਉਸ ਦੌਰਾਨ ਸ੍ਰੀ ਗੁਰੂ ਅੰਗਦ ਸਾਹਿਬ ਦੀ ਜੋ ਸੇਵਾ ਕੀਤੀ, ਉਹ ਸਾਡੇ ਲਈ ਚਾਨਣ-ਮੁਨਾਰਾ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਅਨੁਸਾਰ, **ਬਾਬਾ ਅਮਰਦਾਸ ਜੀ ਸਾਰੇ ਬਰਤਨ ਮਾਂਜਦੇ ਸਨ, ਗਰਮੀ ਦੇ ਸਮੇਂ ਪੱਖੇ ਨਾਲ ਹਵਾ ਝਲਦੇ ਸਨ। ਪਾਤਸ਼ਾਹ ਲਈ ਪਾਣੀ ਭਰਦੇ ਸਨ, ਉਨ੍ਹਾਂ ਦਾ ਬਿਸਤਰਾ ਝਾੜ ਕੇ ਵਿਛਾਉਂਦੇ ਸਨ। ਮਹਾਰਾਜ ਦੇ ਚਰਨਾਂ ਦੇ ਅੰਗੂਠੇ ਤੇ ਫੋੜਾ ਭਰ ਗਿਆ ਸੀ। ਬਾਬਾ ਜੀ ਮੂੰਹ ਨਾਲ ਚੂਸ ਕੇ ਉਹ ਪਾਕ ਬਾਹਰ ਸੁਟਦੇ ਰਹਿੰਦੇ ਸਨ। ਇਸ ਤਰ੍ਹਾਂ ਉਹ ਵਾਰ ਵਾਰ ਕਰਦੇ ਸਨ**। ਉਨ੍ਹਾਂ ਨੇ, ਗੁਰਬਾਣੀ ਵਿਚ ਦਰਜ ਸਰੀਰਕ ਸੇਵਾ ਦੇ ਗੁਰ-ਫ਼ੁਰਮਾਣ ਪ੍ਰੈਕਟੀਕਲ ਕਰ ਕੇ ਦਿਖਾਏ।

ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਸੰਤ ਜਨਾਂ ਦੀ ਸਰੀਰਕ ਸੇਵਾ ਬਾਰੇ, ਪੰਨਾ ੮੮੧ ਤੇ ਫ਼ੁਰਮਾਣ ਕਰਦੇ ਹਨ ਕਿ ਮੈਨੂੰ ਹਰੀ ਦੇ ਜਨਾਂ ਦੇ ਕੰਮ, ਸੇਵਾ ਵਿਚ ਲਾਉ, ਮੈਂ ਉਨ੍ਹਾਂ ਦਾ ਪਾਣੀ ਭਰਾਂ, ਪੱਖਾ ਝੱਲਾਂ, ਉਨ੍ਹਾਂ ਦੇ ਦਾਣੇ ਪੀਸਣ ਲਈ ਚੱਕੀ ਚਲਾਵਾਂ, ਉਨ੍ਹਾਂ ਦੇ ਚਰਣ ਮਲ ਮਲ ਕੇ ਸਾਫ਼ ਕਰਾਂ ਅਤੇ ਉਨ੍ਹਾਂ ਦੇ ਚਰਨਾਂ ਦੀ ਧੂੜ ਆਪਣੇ ਮੁਖ ਤੇ ਲਾਵਾਂ - 'ਰਾਮ ਮੋ ਕਉ ਹਰਿ ਜਨ ਕਾਰੈ ਲਾਈਐ॥ ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ॥' **ਕਿਤੇ ਇਥੇ ਇਹ ਭੁਲੇਖਾ ਨਾ ਰਹਿ ਜਾਏ ਕਿ 'ਹਰਿ ਜਨ' ਲਫ਼ਜ਼, ਸਿਰਫ਼ ੧੦ ਗੁਰੂ ਸਾਹਿਬਾਨ ਲਈ ਹੀ ਵਰਤਿਆ ਹੈ**, ਸਗੋਂ ਭਾਈ ਗੁਰਦਾਸ ਜੀ ਤਾਂ ਗੁਰੂ ਦੇ ਸਿਖ ਨੂੰ ਇਸ਼ਨਾਨ ਕਰਵਾਉਣ, ਮੁਠੀ ਚਾਪੀ ਕਰ ਕੇ ਸੁਆਉਣ ਬਾਰੇ ਵੀ ਜ਼ਿਕਰ ਕਰਦੇ ਹਨ - 'ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥..ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ॥', ਕਬਿਤ ੬੭੩. ਸ੍ਰੀ ਗੁਰੂ ਰਾਮਦਾਸ ਸਾਹਿਬ ਇਕ ਸੰਤ ਸਾਧੂ ਦੀ ਗਲ ਨਹੀਂ ਕਰ ਰਹੇ, ਉਹ ਬਹੁਵਚਨ ਵਰਤ ਰਹੇ ਹਨ, ਇਕ ਦੀ ਸੇਵਾ ਨਹੀਂ, ਸੰਤਾਂ ਦੀ ਸੇਵਾ ਦਾ ਉਪਦੇਸ ਹੈ - 'ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ॥', ਪੰਨਾ ੭੨੬. 'ਤਿਨ' ਸ਼ਬਦ ਬਹੁਵਚਨ ਹੈ।

ਅਗਲੀਆਂ ਪੰਕਤੀਆਂ ਦੀ ਹੋਂਦ ਇਹ ਤੱਥ ਸਾਬਤ ਕਰਦੀ ਹੈ ਕਿ ਸਰੀਰ ਕਰ ਕੇ ਸੰਤ, ਸਾਧੂ, ਮਹਾਪੁਰਖ ਬਾਰੇ ਗਲ ਕੀਤੀ ਜਾ ਰਹੀ ਹੈ।

**ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ॥**
**ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ॥੧॥**

-- ਪ੍ਰਭੂ ਨੂੰ ਬੇਨਤੀ ਕੀਤੀ ਗਈ ਹੈ ਕਿ ਮੈਂ ਪ੍ਰਭੂ ਦੇ ਜਨ ਦੀ ਟਹਲ, ਸੇਵਾ ਕਰਾਂ, ਉਸ ਨਾਲ ਹੀ ਬਚਨ ਬਿਲਾਸ ਕਰਾਂ ਅਤੇ ਮੇਰਾ ਉਠਣ ਬੈਠਣ ਵੀ ਪ੍ਰਭੂ ਦੇ 'ਜਨ' ਨਾਲ ਹੋਵੇ।

ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਸਾਧੂ ਜਨਾਂ ਨਾਲ ਬਚਨ-ਬਿਲਾਸ ਕਰਣ ਨਾਲ ਕਾਮ ਕਰੋਧ ਲੋਭ ਆਦਿ ਵਿਕਾਰਾਂ ਤੇ ਫ਼ਤਹਿ ਪ੍ਰਾਪਤ ਕੀਤੀ ਜਾ ਸਕਦੀ ਹੈ - 'ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ॥' ਪੰਨਾ ੬੭੪. ਭਾਈ ਲਹਿਣਾ ਜੀ ਨੇ ਆਪਣੇ ਪਰਿਵਾਰ ਨੂੰ, ਆਪਣਾ ਪਿੰਡ ਛਡ ਕੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਚਰਣਾਂ ਵਿਚ ਹੀ ਆਪਣਾ ਨਿਵਾਸ ਰਖ ਲਿਆ ਸੀ ਅਤੇ ਉਨ੍ਹਾਂ ਦਾ ਉਠਣ ਬੈਠਣ, ਸ੍ਰੀ ਗੁਰੂ ਨਾਨਕ ਸਾਹਿਬ ਨਾਲ ਹੀ ਹੁੰਦਾ ਸੀ। ਇਸੇ ਤਰ੍ਹਾਂ ਹੀ ਬਾਬਾ ਅਮਰਦਾਸ ਜੀ ਨੇ ਵੀ ਕੀਤਾ, ਸ੍ਰੀ ਗੁਰੂ ਅੰਗਦ ਸਾਹਿਬ ਨੂੰ ਮਿਲਣ ਤੋਂ ਬਾਅਦ ਵਾਪਸ ਨਹੀਂ ਗਏ।

ਪੰਚਮ ਪਾਤਸ਼ਾਹ, ਸਾਨੂੰ ਸਮਝਾਉਣ ਲਈ ਪ੍ਰਭੂ ਨੂੰ ਬੇਨਤੀ ਕਰਦੇ ਹਨ ਕਿ ਮੈਂ ਤੇਰੇ ਦਾਸ ਦੀ ਟਹਿਲ ਸੇਵਾ ਕਰਾਂ ਅਤੇ ਆਪਣੇ ਕੇਸਾਂ ਨਾਲ ਉਸ ਦੇ ਚਰਣ ਝਾੜਾਂ - 'ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ॥'

-- ਜਨ ਦੇ ਚਰਨਾਂ ਦੀ ਰਜ, ਭਾਵ, ਧੂੜ ਮੇਰੇ ਮੁਖ, ਮਸਤਕ ਤੇ ਲਗੀ ਹੈ ਜਿਸ ਨਾਲ ਮੇਰੀਆਂ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ਹਨ ਅਤੇ ਮੇਰੇ ਅੰਦਰ ਨਾਮ ਦੀਆਂ ਅਨੰਤ ਤਰੰਗਾਂ ਚਲ ਪਈਆਂ ਹਨ।੧।

ਜਿਥੇ ਕੋਈ ਮਹਾਪੁਰਖ ਬੈਠਦਾ ਹੈ, ਭਗਤੀ ਕਮਾਈ ਕਰਦਾ ਹੈ, ਉਸ ਅਸਥਾਨ ਤੇ, ਆਲੇ ਦੁਆਲੇ ਨਾਮ ਦੀਆਂ ਤਰੰਗਾਂ ਚਲਦੀਆਂ ਹਨ। ਜੋ ਉਨ੍ਹਾਂ ਤਰੰਗਾਂ ਦੀ ਤਰੰਗ-ਲੰਬਾਈ, wave-length ਵਿਚ ਆ ਜਾਂਦਾ ਹੈ, ਉਹ ਉਸ ਤੇ ਪ੍ਰਭਾਉ ਪਾਉਂਦੀਆਂ ਹਨ। ਇਸੇ ਤਰ੍ਹਾਂ ਲੋਹੇ ਦਾ ਟੁਕੜਾ, ਚੁੰਬਕ ਨਾਲ ਰਗੜ ਖਾ ਖਾ ਕੇ, ਚੁੰਬਕ ਹੀ ਬਣ ਜਾਂਦਾ ਹੈ ਇਸੇ ਤਰ੍ਹਾਂ ਭਗਤ ਨਾਲ ਰਗੜ ਖਾ ਖਾ ਕੇ ਮਨੁਖ ਵੀ ਭਗਤ ਬਣ ਜਾਂਦਾ ਹੈ। ਨਾਕਾਰਾਤਮਕ ਤੌਰ ਤੇ ਦੇਖੀਏ ਤਾਂ ਸ਼ਰਾਬੀ, ਜੁਆਰੀ, ਅਫ਼ੀਮਚੀ ਦੀ ਸੰਗਤ ਕਰਦਾ ਕਰਦਾ ਮਨੁਖ, ਸ਼ਰਾਬੀ, ਜੁਆਰੀ, ਅਫ਼ੀਮਚੀ ਬਣ ਹੀ ਜਾਂਦਾ ਹੈ। ਨਾਕਾਰਾਤਮਕ ਵਿਅਕਤੀ ਦੇ ਆਲੇ ਦੁਆਲੇ ਨਾਕਾਰਾਤਮਕ ਤਰੰਗਾਂ ਹੁੰਦੀਆਂ ਹਨ। ਤਾਂ ਹੀ ਤਾਂ ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਸਾਕਤ, ਜੋ ਰੱਬ ਤੋਂ ਟੁਟਿਆ ਹੈ, ਉਸ ਤੋਂ ਦੂਰ ਭਜ ਜਾਈਏ, ਉਸ ਦੀ ਸੰਗਤ ਨਾ ਕਰੀਏ - 'ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥', ਪੰਨਾ ੧੩੭੧.

**ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ॥**

-- ਪ੍ਰਭੂ ਦਾ ਜਨ, ਪਾਰਬ੍ਰਹਮ ਦਾ ਹੀ ਰੂਪ ਹੈ ਇਸ ਲਈ ਉਸ ਦੀ ਮਹਿਮਾ ਵੀ ਪਾਰਬ੍ਰਹਮ ਦੀ ਮਹਿਮਾ ਵਾਂਙ ਨਿਰਮਲ, ਵਿਕਾਰ ਰਹਿਤ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ, ਪੰਨਾ ੧੪੨੮ ਤੇ ਬਹੁਤ ਸਪੱਸ਼ਟ ਫ਼ੁਰਮਾਣ ਹੈ - 'ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ॥'

-- ਹਰੀ ਦੇ ਜਨ, ਭਗਤ, ਮਹਾਂਪੁਰਖ ਦੇ ਚਰਨ ਹੀ ਅਸਲ ਤੀਰਥ ਹਨ ਅਤੇ ਉਨ੍ਹਾਂ

ਦੇ ਚਰਨਾਂ ਵਿਚ ਹੀ ਗੰਗਾ ਵਰਗੇ ਕ੍ਰੋੜਾਂ ਤੀਰਥ ਵਸਦੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੧੨੬੩ ਤੇ ਫੁਰਮਾਣ ਕਰਦੇ ਹਨ ਕਿ ਗੰਗਾ ਜਮਨਾ ਗੋਦਾਵਰੀ ਸਰਸਵਤੀ ਆਦਿ ਨਦੀਆਂ ਤਾਂ ਖੁਦ, ਸਾਧੂ ਜਨਾਂ ਦੇ ਚਰਨਾਂ ਦੀ ਧੂੜ ਦੀ ਕਾਮਨਾ ਕਰਦੀਆਂ ਹਨ ਅਤੇ ਦਸਦੀਆਂ ਹਨ ਕਿ ਜੋ ਮੈਲ ਸਾਨੂੰ ਆਮ ਵਿਅਕਤੀ ਇਸ਼ਨਾਨ ਕਰ ਕੇ ਦੇ ਜਾਂਦੇ ਹਨ, ਸਾਡੀ ਉਹ ਮੈਲ ਸਾਧੂ ਦੇ ਚਰਨਾਂ ਦੀ ਧੂੜ, ਦੂਰ ਕਰਦੀ ਹੈ - 'ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥ ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥' ਪੰਜਵੇਂ ਪਾਤਸ਼ਾਹ ਦਾ, ਪੰਨਾ ੮੯੦ ਤੇ ਫੁਰਮਾਣ ਹੈ ਕਿ ਜਿਥੇ ਸਾਧੂ ਪੈਰ ਧਰਦਾ ਹੈ ਉਥੇ ਅਠਾਹਠ ਤੀਰਥ ਬਣ ਜਾਂਦੇ ਹਨ, ਜਿਥੇ ਬੈਠ ਕੇ ਉਹ ਨਾਮ ਜਪਦਾ ਹੈ ਉਥੇ ਬੈਕੁੰਠ ਹੁੰਦਾ ਹੈ - '**ਅਠਸਠਿ ਤੀਰਥ ਜਹ ਸਾਧ ਪਗ ਧਰਹਿ॥ ਤਹ ਬੈਕੁੰਠੁ ਜਹ ਨਾਮੁ ਉਚਰਹਿ॥**'

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ, ਗੁਰੂ ਕਾ ਲਹੌਰ ਵਿਖੇ, ਬਰਛਾ ਮਾਰ ਕੇ ਤ੍ਰਿਬੇਣੀ ਦਾ ਜਲ ਪ੍ਰਗਟ ਕਰ ਦਿਤਾ ਸੀ। ਭਗਤ ਰਵਿਦਾਸ ਜੀ ਦੇ ਕਹਿਣ ਤੇ ਗੰਗਾ, ਆਪ ਚਲ ਕੇ ਉਨ੍ਹਾਂ ਕੋਲ ਉਨ੍ਹਾਂ ਦੀ ਕਠੌਤੀ ਵਿਚ ਪ੍ਰਗਟ ਹੋਈ ਸੀ ਅਤੇ ਦੂਜਾ ਕੰਗਣ ਦਿਤਾ ਤਾਂ ਪੰਡਤਾਂ ਦਾ ਪਾਜ ਨੰਗਾ ਹੋਇਆ ਅਤੇ ਭਗਤ ਜੀ ਦੀ ਵਡਿਆਈ ਪਰਗਟ ਹੋਈ। ਪਟਨਾ ਸਾਹਿਬ ਵਿਖੇ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਿਖ, ਭਾਈ ਜੈਤਾ ਜੀ ਰੰਗਰੇਟਾ ਨੂੰ ਗੰਗਾ, ਘਰ ਆ ਕੇ ਇਸ਼ਨਾਨ ਕਰਵਾਉਂਦੀ ਸੀ। ਪ੍ਰਭੂ ਦੇ ਭਗਤਾਂ ਦੇ ਚਰਨਾਂ ਵਿਚ ਗੰਗਾ ਵਰਗੇ ਕ੍ਰੋੜਾਂ ਤੀਰਥ ਹੁੰਦੇ ਹਨ।

**ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ॥੨॥੪॥੧੨੦॥**

-- ਪੰਚਮ ਪਾਤਸ਼ਾਹ ਸਾਨੂੰ ਸਮਝਾਉਣ ਲਈ ਫੁਰਮਾਣ ਕਰ ਰਹੇ ਹਨ ਕਿ ਅਜਿਹੇ, ਪ੍ਰਭੂ ਦੇ ਭਗਤ ਦੇ ਚਰਨਾਂ ਦੀ ਧੂੜ ਵਿਚ ਇਸ਼ਨਾਨ ਕੀਤਾ ਹੈ ਜਿਸ ਨਾਲ

-- ਜਨਮਾਂ ਜਨਮਾਂ ਦੇ ਪਾਪਾਂ ਅਤੇ ਗੁਰੂ ਤੋਂ ਬੇਮੁਖਤਾਈ ਆਦਿ ਦੇ ਕਲੰਕ ਹਰਣ ਹੋ ਗਏ ਹਨ, ਮਿਟ ਗਏ ਹਨ।੨।੪।੧੨੦।

ਪਾਤਸ਼ਾਹ ਦਾ ਉਪਦੇਸ਼ ਹੈ ਕਿ ਸਾਧੂ **ਜਨਾਂ** ਦੀ ਚਰਣ ਧੂੜੀ ਵਿਚ ਇਸ਼ਨਾਨ ਕਰਣ ਨਾਲ ਜਨਮਾਂ ਜਨਮਾਂ ਦੇ ਮਾੜੇ ਕਰਮਾਂ ਦੀ ਮੈਲ ਅਤੇ ਹੰਕਾਰ ਆਦਿ ਵਿਸ਼ੇ ਵਿਕਾਰ ਦੂਰ ਹੋ ਜਾਂਦੇ ਹਨ - 'ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥.. ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥..', ਪੰਨਾ ੧੩੫. ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਪ੍ਰਭੂ ਦੇ ਦਾਸ ਦੇ ਮਿਲਣ ਨਾਲ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ, ਦੁਖ ਵਿਸਰ ਜਾਂਦੇ ਹਨ, ਸਚ ਪ੍ਰਾਪਤ ਹੋ ਜਾਂਦਾ ਹੈ, ਦਰਸ਼ਨ ਕਰਣ ਨਾਲ ਮਤ ਸ਼ੁਧ ਹੋ ਜਾਂਦੀ ਹੈ ਅਤੇ ਉਸ ਦੇ ਚਰਨਾਂ ਦੀ ਧੂੜ ਨਾਲ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਜਾਂਦਾ ਹੈ - 'ਐਸੋ ਦਾਸੁ ਮਿਲੈ ਸੁਖੁ ਹੋਈ॥। ਦੁਖੁ ਵਿਸਰੈ ਪਾਵੈ ਸਚੁ ਸੋਈ॥ ਦਰਸਨੁ ਦੇਖਿ ਭਈ ਮਤਿ ਪੂਰੀ॥ ਅਠਸਠਿ ਮਜਨੁ ਚਰਨਹ ਧੂਰੀ॥', ਪੰਨਾ ੨੨੪. ਪੰਚਮ ਪਾਤਸ਼ਾਹ ਨੇ ਤਾਂ ਇਥੋਂ ਤਕ ਨਿਰਣਾ ਦੇ ਦਿਤਾ ਕਿ ਸਾਧੂ ਦੇ ਚਰਣਾਂ ਦੀ ਧੂੜ ਦੇ ਇਸ਼ਨਾਨ ਨਾਲ ਹੀ ਸਾਰੇ ਧਰਮ ਸੰਪੂਰਣ ਹੋ ਜਾਦੇ ਹਨ - '**ਸਾਧ ਰੇਣ ਮਜਨ ਸਭਿ ਧਰਮ॥**', ਪੰਨਾ ੧੯੩. ਸੰਤ ਜਨਾਂ ਦੀ ਚਰਣ ਧੂੜ ਦੇ ਗੁਰਬਾਣੀ ਵਿਚ ਅਨੇਕਾਂ ਫੁਰਮਾਣ ਮੌਜੂਦ ਹਨ।